



# ਉਤਰ-ਮਾਨਵਵਾਦੀ ਚਿੰਤਨ ਪ੍ਰਣਾਲੀ ਅਤੇ ਜੈਂਡਰ ਸਿਧਾਂਤਕਾਰੀ

## ਅੰਤਰ-ਸੰਵਾਦ

ਉਤਰ-ਮਾਨਵਵਾਦ, ਮਾਨਵਵਾਦ ਦੇ ਮੂਲ 'ਤੇ ਪ੍ਰਸ਼ਨ-ਚਿੰਨ੍ਹ ਹੈ। ਮਾਨਵਵਾਦ ਦਾ ਇਕ ਕੇਂਦਰੀ ਪਾਸਾਰ ਪੁਰਸ਼-ਕੇਂਦ੍ਰਿਤਾ ਹੈ। ਉਤਰ-ਮਾਨਵਵਾਦ, ਮਾਨਵਵਾਦ ਦੀ ਪੁਰਸ਼-ਕੇਂਦ੍ਰਿਤੀਅਤਾ ਦੀਆਂ ਜੜ੍ਹਾਂ ਹਿਲਾਉਂਦਾ ਹੈ। ਨਾਰੀਵਾਦ ਅਤੇ ਜੈਂਡਰ ਸਿਧਾਂਤ ਇਸੇ ਪਰਿਥਾਇ ਉਤਰ-ਮਾਨਵਵਾਦ ਦੇ ਸੰਗੀ ਹਨ। ਨਾਰੀਵਾਦ ਅਤੇ ਜੈਂਡਰ ਸਿਧਾਂਤ ਨਾਲ ਮਾਨਵਵਾਦ ਦੀਆਂ ਸੀਮਾਵਾਂ ਉਭਰਦੀਆਂ ਹਨ ਅਤੇ ਉਤਰ-ਮਾਨਵਵਾਦ ਦੀਆਂ ਸਰਗੋਸ਼ੀਆਂ ਸ਼ੁਰੂ ਹੁੰਦੀਆਂ ਹਨ। ਗੱਲ ਫ਼ਰਾਂਸੀਸੀ ਨਾਰੀਵਾਦੀ ਚਿੰਤਕ ਸੀਮੋਂਨ ਦ ਬੂਵੋਅਰ ਦੀ ਜਗਤ-ਪ੍ਰਸਿੱਧ ਪੁਸਤਕ **'ਦ ਸੈਕਿੰਡ ਸੈਕਸ'** ਤੋਂ ਸ਼ੁਰੂ ਹੁੰਦੀ ਹੈ। ਇਸ ਪੁਸਤਕ ਵਿਚ ਮੌਜੂਦ ਇਕ ਸਤਰ "ਔਰਤ ਪੈਦਾ ਨਹੀਂ ਹੁੰਦੀ, ਸਗੋਂ ਸਿਰਜੀ ਜਾਂਦੀ ਹੈ"[1] (One is not born, but rather becomes, woman) ਇਸ ਵਿਚਾਰ ਨੂੰ ਚੁਣੌਤੀ ਦਿੰਦੀ ਹੈ ਕਿ ਔਰਤ ਆਦਮੀ ਦੀ ਤੁਲਨਾ ਵਿਚ ਜਮਾਂਦਰੂ ਕਮਜ਼ੋਰ/ਹੀਣੀ/ਪੱਛੜੀ ਹੋਈ ਹੈ। ਬੂਵੋਅਰ ਔਰਤ/ਮਾਦਾ ਨਾਲ ਕੁਦਰਤੀ ਆਖ ਕੇ ਜੋੜੀ ਜਾਂਦੀ ਕਮਜ਼ੋਰੀ ਨੂੰ ਰੱਦ ਦਿੰਦੀ ਹੈ। ਉਸ ਅਨੁਸਾਰ 'ਔਰਤ' ਪਛਾਣ ਜੋ ਮਾਦਾ 'ਤੇ ਆਇਦ ਹੈ, ਇਹ ਧੁਰੋਂ ਨਹੀਂ ਹੈ ਸਗੋਂ ਸਮਾਜਕ ਅਤੇ ਸਭਿਆਚਾਰਕ ਪਰਿਸਥਿਤੀਆਂ ਦੀ ਦੇਣ ਹੈ। ਆਰਥਿਕ, ਰਾਜਨੀਤਕ ਅਤੇ ਭੂਗੋਲਿਕ ਵਾਤਾਵਰਣ ਕਿਸੇ ਪਛਾਣ-ਵਿਸ਼ੇਸ਼ ਦੀ ਘਾੜ੍ਹਤ ਕਰਦਾ ਹੈ। ਸੀਮੋਨ ਤੋਂ ਬਾਅਦ ਕੇਟ ਮਿਲੇਟ, ਜੂਲੀਅਟ ਮਿਸ਼ੇਲ, ਰਿਬੇਕਾ ਵਾਕਰ ਵੀ ਔਰਤ ਦੀ ਦੁਜੈਲੀ-ਹੋਂਦ ਦੀ ਤਹਿ ਵਿਚ ਕੰਮ ਕਰਦੇ ਸਮਾਜ-ਸਭਿਆਚਾਰਕ ਤਾਣੇ-ਬਾਣੇ ਦੀ ਨਿਸ਼ਾਨਦੇਹੀ ਕਰਦੀਆਂ ਹਨ। ਆਹਿਸਤਾ-ਆਹਿਸਤਾ ਪੁਰਸ਼-ਚੌਧਰ ਦਾ ਚੁਣੌਤੀਮੁਕਤ ਪ੍ਰਵਚਨ ਕਮਜ਼ੋਰ ਪੈ ਜਾਂਦਾ ਹੈ ਅਤੇ ਨਵੀਆਂ ਸਮਝਾਂ ਦਾ ਆਗਾਜ਼ ਹੁੰਦਾ ਹੈ।

ਨਾਰੀਵਾਦੀ ਚਿੰਤਕਾਂ ਰਾਹੀਂ ਸੂਤਰ ਇਹ ਹੱਥ ਆਉਂਦਾ ਹੈ ਕਿ ਮਨੁੱਖ ਦੀ ਮੂਲ-ਕੁਦਰਤੀ ਪਛਾਣ ਦਾ ਸਿਰਾ ਤਲਾਸ਼ਣਾ ਅਸੰਭਵ ਹੈ। ਇਸ ਲਈ ਇਹ ਪ੍ਰਵਚਨ ਗ਼ੈਰ-ਤਾਰਕਿਕ ਹੈ ਕਿ ਮਰਦ (ਨਰ) ਕੁਦਰਤੀ ਰੂਪ ਵਿਚ ਔਰਤ (ਮਾਦਾ) ਦੀ ਤੁਲਨਾ ਵਿਚ ਵਧੇਰੇ ਸਮਰੱਥ ਹੈ। ਮਰਦ ਦੀ ਪਛਾਣ ਕਿਉਂਕਿ ਦੇਹ (ਲਿੰਗ) ਕੇਂਦ੍ਰਿਤ ਰਹੀ ਹੈ, ਇਸ ਕਾਰਨ ਪਛਾਣ ਦਾ ਦੇਹ ਕੇਂਦ੍ਰਿਤ ਖਾਸਾ ਵੀ ਡਗਮਗਾ ਜਾਂਦਾ ਹੈ। ਦੂਸਰੇ ਸ਼ਬਦਾਂ ਵਿਚ ਪਛਾਣ ਦਾ ਮੂਲ, ਦੇਹ ਦੇ ਕਿਸੇ ਵਿਸ਼ੇਸ਼ (ਪ੍ਰਜਣਨ) ਅੰਗ ਨੂੰ ਮੰਨੇ ਜਾਣ ਦਾ ਵਿਰੋਧ ਹੁੰਦਾ ਹੈ। ਇਹ ਇਕ ਹੋਰ ਸਮਝ ਸੰਭਵ ਹੁੰਦੀ ਹੈ। ਇਸ ਨਾਲ ਇਸ ਵਿਚਾਰ ਨੂੰ ਵੀ ਚੁਣੌਤੀ ਹੋ ਜਾਂਦੀ ਹੈ ਕਿ ਮਨੁੱਖੀ ਸਮਰੱਥਾ ਦਿਮਾਗ ਦੇ ਕਿਸੇ ਕੋਨੇ ਵਿਚ ਨਿਹਿਤ ਹੈ; ਭਾਵ ਚੇਤਨਾ ਦਾ ਕੇਂਦਰ-ਬਿੰਦੂ ਦਿਮਾਗੀ (ਸਰੀਰਕ) ਅੰਗ ਹੈ। ਜੇਕਰ ਚੇਤਨਾ/ਸਮਰੱਥਾ ਦਾ ਆਧਾਰ ਦਿਮਾਗ ਨਹੀਂ ਤਾਂ ਇਹ ਕਹਿਣਾ ਕਿ ਔਰਤ ਘੱਟ ਚੇਤੰਨ/ਗਿਆਨਵਾਨ ਹੈ ਕਿਉਂਕਿ ਉਸ ਦੇ



**ਡਾ. ਜਸਪ੍ਰੀਤ ਕੌਰ**
ਸਹਾਇਕ ਪ੍ਰੋਫ਼ੈਸਰ
ਗੁਰੂ ਨਾਨਕ ਦੇਵ
ਯੂਨੀਵਰਸਿਟੀ ਕਾਲਜ
ਪਠਾਨਕੋਟ
8360808967
Dr.jaspreetbains
@gmail.com

ਦਿਮਾਗ ਦਾ ਆਕਾਰ ਮਰਦ ਦੇ ਦਿਮਾਗ ਨਾਲੋਂ ਛੋਟਾ ਹੈ, ਵੀ ਖੋਖਲਾ ਹੋ ਜਾਂਦਾ ਹੈ। ਇਕ ਹੋਰ ਨਵਾਂ ਸੂਤਰ ਸਾਕਾਰ ਹੁੰਦਾ ਹੈ।

ਨਾਰੀਵਾਦ ਨਾਲ ਮਰਦ-ਕੇਂਦ੍ਰਿਤ ਮਾਨਵਵਾਦ ਦੀਆਂ ਹੋਰ ਵੀ ਕਈ ਠੋਸ ਅਤੇ ਮੂਲ ਧਾਰਨਾਵਾਂ ਕਮਜ਼ੋਰ ਹੁੰਦੀਆਂ ਹਨ, ਜਿਵੇਂ ਮਰਦ, ਖਾਸ ਤੌਰ 'ਤੇ ਗੋਰੀ ਚਮੜੀ ਵਾਲੇ, ਗਿਆਨੀ ਅਤੇ ਸਮਰੱਥ ਆਖੇ ਜਾਣ ਵਾਲੇ ਵਿਅਕਤੀ ਨੂੰ ਮਾਨਵ/ਮਨੁੱਖ/ਇਨਸਾਨ ਹੋਣ ਦਾ ਉੱਤਮ ਨਮੂਨਾ ਮੰਨਿਆ ਜਾਣਾ। ਇਹ ਧਾਰਨਾ ਸਿਰਫ਼ ਨਾਰੀ ਅਸਤਿੱਤਵ ਲਈ ਹੀ ਨਹੀਂ, ਮਰਦ ਹੋਣ ਦੀ ਖਾਸ ਸ਼੍ਰੇਣੀ ਵਿਚੋਂ ਬਾਹਰ ਰਹਿ ਜਾਣ ਵਾਲੇ ਤਮਾਮ ਆਦਮੀਆਂ ਅਤੇ ਹੋਰ ਪਛਾਣਾਂ ਲਈ ਵੀ ਡਾਹਢੀ ਘਾਤਕ ਸੀ। ਨਾਰੀਵਾਦੀ ਚਿੰਤਕ ਮਾਨਵਵਾਦ ਦੁਆਰਾ ਪਰਿਭਾਸ਼ਿਤ 'ਆਤਮ' (ਗਾਲਿਬ) ਅਤੇ 'ਪਰ' (ਹਾਸ਼ੀਆਕ੍ਰਿਤ) ਦੇ ਦਵੰਦ ਨੂੰ ਉਭਾਰਦੇ ਹਨ। ਚਿੰਤਕ Rosi Braidotti ਦਾ ਕਥਨ ਹੈ:

ਸਵੈ-ਪਰਕਤਾ/ਆਤਮਤਾ ਨੂੰ ਚੇਤਨਾ, ਵਿਸ਼ਵਵਿਆਪੀ ਤਰਕਸੰਗਤਾ ਅਤੇ ਸਵੈ-ਨਿਯੰਤ੍ਰਿਤ ਨੈਤਿਕ ਵਿਵਹਾਰ ਦੇ ਬਰਾਬਰ ਰੱਖਿਆ ਗਿਆ ਹੈ, ਇਹ ਸਭ ਲੱਛਣ ਪੁਰਖਤਵ ਅਤੇ ਯੂਰਪੀਅਨ ਸਭਿਅਤਾ ਦੀ ਬਰਾਬਰੀ ਕਰਦੇ ਹਨ, ਜਦੋਂ ਕਿ ਅਨਾਤਮਤਾ ਨੂੰ ਇਸਦੇ ਉਲਟ ਨਕਾਰਾਤਮਕ ਪ੍ਰਤੀਰੂਤਬਾ ਵਜੋਂ ਪਰਿਭਾਸ਼ਿਤ ਕਰਦਿਆਂ ਤਰਕਹੀਣਤਾ, ਅਨੈਤਿਕਤਾ, ਨਾਰੀਤਵ ਅਤੇ ਗ਼ੈਰ-ਪੱਛਮੀਅਤਾ ਨਾਲ ਜੋੜਿਆ ਗਿਆ ਹੈ। ਉਹ ਲੋਕ ਜੋ 'ਪਰ'/'ਅਨਾਤਮ' ਦੇ ਰੂਪ ਵਿਚ ਘੜ੍ਹੇ ਜਾਂਦੇ ਹਨ, ਉਨ੍ਹਾਂ ਨਾਲ ਹੀਣਤਾ ਵੀ ਜੋੜ ਦਿੱਤੀ ਜਾਂਦੀ ਹੈ, ਉਨ੍ਹਾਂ ਨਾਲ ਕੁਝ ਲਾਜ਼ਮੀ ਅਤੇ ਘਾਤਕ ਧਾਰਨਾਵਾਂ ਵੀ ਜੋੜ ਦਿੱਤੀਆਂ ਜਾਦੀਆਂ ਹਨ। ਇਹ ਲਿੰਗਕ, ਨਸਲੀ ਅਤੇ ਕੁਦਰਤੀ 'ਅਨਾਤਮ'/'ਪਰ' ਹਨ, ਜੋ ਮਨੁੱਖ ਹੋਣ ਦੇ ਦਰਜ਼ੇ ਤੋਂ ਹੇਠਾਂ ਖਿਸਕਾਈਆਂ ਹੋਈਆਂ ਡਿਸਪੋਜ਼ੇਬਲ ਦੇਹਾਂ ਹਨ।[3]

ਨਾਰੀਵਾਦੀ ਚਿੰਤਨ ਮਾਨਵਵਾਦ ਦੇ ਅਧੀਨ ਨੇਪਰੇ ਚੜ੍ਹਨ ਵਾਲ਼ੇ ਮਰਦ-ਵਾਦ 'ਤੇ ਸਵਾਲ ਉਠਾਉਂਦਾ ਹੈ। ਇਸ ਵਿਚ ਉਤਰ-ਸੰਰਚਨਾਵਾਦੀ ਚਿੰਤਕ ਮਿਸ਼ੇਲ ਫ਼ੂਕੋ ਦੇ ਵਿਚਾਰ ਵੀ ਅਹਿਮ ਭੂਮਿਕਾ ਅਦਾ ਕਰਦੇ ਹਨ। ਫ਼ੂਕੋ 'ਦ ਆਰਡਰ ਆਫ਼ ਥਿੰਗਜ਼' ਵਿਚ ਲਿਖਦਾ ਹੈ, "ਆਦਮੀ ਹਾਲ ਦੀ ਤਾਰੀਖ਼ ਦੀ ਕਾਢ ਹੈ ਅਤੇ ਸ਼ਾਇਦ ਆਪਣੀ ਮੌਤ ਦੇ ਨੇੜੇ ਹੈ।"[4] ਫ਼ੂਕੋ ਨੇ ਮਾਨਵਵਾਦ ਸਮੇਤ ਬਾਕੀ ਅਨੁਸ਼ਾਸਨਾਂ ਦੁਆਰਾ ਘੜ੍ਹੇ ਗਏ 'ਆਤਮ' (ਸਬਜੈਕਟ) 'ਤੇ ਕਿੰਤੂ ਕੀਤਾ। ਉਸ ਨੇ ਇਹ ਵਿਚਾਰ ਦਿੱਤਾ ਕਿ ਕੋਈ ਵੀ ਮਨੁੱਖੀ-ਹਉਂ/ਆਤਮ ਸਥਾਪਿਤ ਪ੍ਰਵਚਨ ਅਤੇ ਢਾਂਚੇ ਤੋਂ ਮੁਕਤ ਨਹੀਂ ਹੋ ਸਕਦਾ। ਇਸ ਵਿਚ ਆਰਥਿਕ, ਭਾਸ਼ਾਈ, ਸਮਾਜਕ ਤਮਾਮ ਸ਼ਕਤੀਆਂ ਦੀ ਦਖ਼ਲ-ਅੰਦਾਜ਼ੀ ਹੁੰਦੀ ਹੈ। ਇਨ੍ਹਾਂ ਪ੍ਰਵਚਨਾਂ ਤੋਂ ਪੂਰਵ ਕਿਸੇ ਵੀ ਮੌਲਿਕ ਆਖੀ ਜਾਣ ਵਾਲੀ ਹੋਂਦ ਨੂੰ ਮਹਿਸੂਸ ਤੇ ਸਵੀਕਾਰ ਕਰ ਸਕਣਾ ਅਸੰਭਵ ਹੈ। ਕਿਸੇ ਸਬਜੈਕਟ ਦੇ 'ਮੂਲ'/'ਸੱਚ' ਦੀ ਕੋਈ ਨਿਸ਼ਾਨਦੇਹੀ ਨਹੀਂ ਹੋ ਸਕਦੀ। ਮਾਨਵਵਾਦ, ਕਿਸੇ ਇਕ ਹੋਂਦ ਵਿਸ਼ੇਸ਼ ਜਿਵੇਂ ਮਰਦ-ਆਤਮ ਨੂੰ ਸਰਵ-ਸਥਾਪਿਤ ਕਰਨ ਦਾ ਹਿਮਾਇਤੀ ਸੀ ਉਸ ਦਾ ਵਿਰੋਧ ਸ਼ੁਰੂ ਹੁੰਦਾ ਹੈ। ਉਤਰ-ਸੰਰਚਨਾਵਾਦੀ ਦੌਰ ਵਿਚ ਪੈਦਾ ਹੋਏ ਵੱਖ-ਵੱਖ ਚਿੰਤਕ ਅਤੇ ਚਿੰਤਨ-ਪ੍ਰਣਾਲੀਆਂ ਮਾਨਵਵਾਦ ਦੇ ਮੂਲ ਮੰਨੇ ਜਾਣ ਵਾਲੇ 'ਸਬਜੈਕਟ' ਨੂੰ ਰੱਦਦੇ ਹਨ। ਮਾਨਵੀ ਪਛਾਣ ਇਕਹਰੀ-ਮਰਦਾਵੀਂ ਪ੍ਰਭੂਸੱਤਾ ਦੇ ਘੇਰੇ ਤੋਂ ਬਾਹਰ ਨਿਕਲਦੀ ਹੈ।

ਪੁਰਖ-ਹਉਂ ਭਾਵ 'ਆਤਮ' ਅਤੇ ਇਸ ਦੇ ਉਲਟ ਨਾਰੀ (ਸਮੇਤ ਤਮਾਮ ਹਾਸ਼ੀਆਕ੍ਰਿਤ ਪਛਾਣਾਂ) 'ਅਨਾਤਮ'/'ਪਰ' ਦਾ ਵਿਰੋਧੀ-ਜੁੱਟ ਟੁੱਟਦਾ ਹੈ। ਵਧੇਰੇ ਸਪਸ਼ਟ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਮਾਨਵੀ ਪਛਾਣ ਅਤੇ ਹੋਂਦ ਦੇ ਉਲਟ-ਸਬੰਧੀ/ਦੋ-ਗੁੱਟੀ ਆਧਾਰ ਖੋਖਲੇ ਹੋਣ ਲਗਦੇ ਹਨ। 'ਦੋ-ਮੁੱਖਤਾ' (ਬਾਈਨਰੀ) ਦਾ ਖੰਡਨ ਮਾਨਵਵਾਦ ਦੇ ਅੰਤ ਅਤੇ ਉਤਰ-ਮਾਨਵਵਾਦ ਦੇ ਆਰੰਭ ਨੂੰ ਤਸਦੀਕ ਕਰਦਾ ਹੈ। ਇਕਹਿਰੇ ਜਾਂ ਦੂਹਰੇ ਦੀ ਥਾਂ ਅਨੇਕ ਨੂੰ ਪਹਿਲ ਉਤਰ-ਮਾਨਵਵਾਦ ਦੀ ਆਧਾਰ-ਸ਼ਿਲਾ ਹੈ। ਉਤਰ-ਮਾਨਵਵਾਦ ਦੇ ਇਸ ਦੌਰ ਵਿਚ ਹੀ ਨਾਰੀਵਾਦ ਤੋਂ ਅਗਾਂਹ ਜੈਂਡਰ ਅਧਿਐਨ ਦਾ ਆਗ਼ਾਜ਼ ਹੁੰਦਾ ਹੈ।

ਨਾਰੀਵਾਦੀ ਚਿੰਤਨ ਜਿੱਥੇ ਮਾਨਵਵਾਦ ਦੀਆਂ ਜੜ੍ਹਾਂ ਨੂੰ ਕਮਜ਼ੋਰ ਕਰਦਾ ਹੈ, ਉੱਥੇ ਜੈਂਡਰ ਅਧਿਐਨ ਉਤਰ-ਮਾਨਵਵਾਦ ਦੀ ਪਿਉਂਦ ਨੂੰ ਸਿੰਜਣ ਦਾ ਕੰਮ ਕਰਦਾ ਹੈ। ਇਕ ਵਾਰ ਫਿਰ ਬੂਵੋਅਰ ਦੇ ਉਸੇ ਕਥਨ ਵੱਲ ਆਉਂਦੇ ਹਾਂ, "ਔਰਤ ਪੈਦਾ ਨਹੀਂ ਹੁੰਦੀ, ਸਗੋਂ ਸਿਰਜੀ ਜਾਂਦੀ ਹੈ" ਅੰਗਰੇਜ਼ੀ ਵਿਚ ਦਰਜ ਉਸ ਦੇ ਕਥਨ ਦਾ ਇਹ ਪੰਜਾਬੀ ਅਨੁਵਾਦ ਜੈਂਡਰ ਅਧਿਐਨ ਦੇ ਦੌਰ ਵਿਚ ਸਮੱਸਿਆਤਮਕ ਹੋ ਜਾਂਦਾ ਹੈ। ਅੰਗਰੇਜ਼ੀ ਵਿਚ ਦਰਜ ਕਥਨ ਦੀ ਪੁਨਰ ਪੜ੍ਹਤ ਜੋ ਪ੍ਰਸਿੱਧ ਅਮਰੀਕੀ ਚਿੰਤਕ ਜੂਡਿਥ ਬਟਲਰ ਨੇ ਪੁਸਤਕ 'ਜੈਂਡਰ ਟ੍ਰਬਲ' ਵਿਚ ਪੇਸ਼ ਕੀਤੀ ਉਹ ਇਸ ਕਥਨ ਨੂੰ ਕੁਝ ਇਸ ਤਰ੍ਹਾਂ ਅਨੁਵਾਦੇ ਜਾਣ ਦੀ ਮੰਗ ਕਰਦੀ ਹੈ, "ਕੋਈ (ਇਕ), ਔਰਤ ਪੈਦਾ

ਨਹੀਂ ਹੁੰਦਾ/ਹੁੰਦੀ ਸਗੋਂ ਬਣਦਾ/ਬਣਦੀ ਹੈ।"[5] (One is not born rather becomes a woman) ਇੱਥੇ ਫ਼ੋਕਸ 'ਔਰਤ' ਦੀ ਥਾਂ ਉਸ ਇਕ (One) 'ਤੇ ਆ ਜਾਂਦਾ ਹੈ ਜੋ ਔਰਤ ਹੋ ਜਾਂਦਾ/ਜਾਂਦੀ ਹੈ।

ਬਟਲਰ ਅਨੁਸਾਰ ਇਹ 'ਇੱਕ' ਨਰ-ਮਾਦਾ ਜਾਂ ਇਨ੍ਹਾਂ ਤੋਂ ਪਾਰ ਦੀ ਕਿਸੇ ਵੀ ਜਿਨਸੀ ਬਣਾਵਟ ਵਾਲਾ ਕੋਈ ਵੀ ਹੋ ਸਕਦਾ ਹੈ ਜੋ 'ਔਰਤ' ਹੋਣਾ ਚਾਹੁੰਦਾ ਹੈ ਜਾਂ ਪਰਿਸਥਿਤੀਆਂ ਅਨੁਸਾਰ ਹੋ ਜਾਂਦਾ ਹੈ। ਜੈਂਡਰ ਅਧਿਐਨ ਦੇ ਇਸ ਦੌਰ ਵਿਚ ਦੇਹ ਅਤੇ ਪਛਾਣ ਦਾ ਕੁਦਰਤੀ ਆਖਿਆ ਜਾਂਦਾ ਰਿਸ਼ਤਾ ਕਮਜ਼ੋਰ ਹੁੰਦਾ ਹੈ। ਇਹ ਧਾਰਨਾ ਕਿ ਨਰ ਦੇਹ ਪੁਰਸ਼ਤਵ ਅਤੇ ਮਾਦਾ ਦੇਹ ਇਸਤਰੀਤਵ ਦੀ ਸਹਿਜ ਧਾਰਕ ਹੋਵੇਗੀ, ਟੁੱਟ ਜਾਂਦੀ ਹੈ। ਬਟਲਰ ਅਨੁਸਾਰ, "ਜੈਂਡਰ ਸਰੀਰ ਦਾ ਵਾਰ-ਵਾਰ ਕੀਤਾ ਜਾਣ ਵਾਲਾ ਸ਼ੈਲੀਕਰਨ ਹੈ, ਇਹ ਇਕ ਬੇਹੱਦ ਕਠੋਰ ਨੇਮਬੱਧ ਢਾਂਚੇ ਦੇ ਅੰਦਰ ਵਾਰ-ਵਾਰ ਕੀਤੀਆਂ ਜਾਣ ਵਾਲੀਆਂ ਕਿਰਿਆਵਾਂ ਦਾ ਇਕ ਸੈੱਟ ਹੈ ਜੋ ਸਮੇਂ ਦੇ ਨਾਲ ਇਕ ਕੁਦਰਤੀ ਕਿਸਮ ਦੀ ਹੋਂਦ (ਦੇਹ) ਦਾ ਭੁਲੇਖੇ ਪੈਦਾ ਕਰਦਾ ਹੈ। ਬਟਲਰ ਕਿਸੇ ਵੀ ਕਿਸਮ ਦੀ ਅਜਿਹੀ ਕੁਦਰਤੀ ਪਛਾਣ ਨੂੰ ਰੱਦਦੀ ਹੈ ਜੋ ਕਿ ਨਰ-ਪੁਰਸ਼ਤਵ ਅਤੇ ਮਾਦਾ-ਇਸਤਰੀਤਵ ਅਨੁਸਾਰੀ ਹੈ।[6]

ਨਾਰੀਵਾਦ ਵਿਚ ਵੀ ਕਿਤੇ ਕਿਤੇ ਜ਼ਾਹਰਾ ਤੇ ਕਿਤੇ ਸੂਖ਼ਮ ਰੂਪ ਵਿਚ ਪਛਾਣ ਦਾ ਇਹ ਦੋ-ਮੁਖੀ ਆਧਾਰ ਕਾਇਮ ਰਹਿੰਦਾ ਹੈ। ਉੱਥੇ ਨਾਰੀਵਾਦੀ 'ਆਤਮ' ਖ਼ੁਦ ਨੂੰ 'ਔਰਤ' ਤਸਦੀਕ ਕਰ ਕੇ 'ਪਰ' ਭਾਵ ਮਰਦ ਦੇ ਖਿਲਾਫ਼/ਉਲਟ ਉੱਸਰਦਾ ਹੈ। ਨਾਰੀਵਾਦ ਨਾਲ ਇਹ ਸਮੱਸਿਆ ਬਣਦੀ ਹੈ ਕਿ ਇੱਥੇ ਨਿਸ਼ਚਿਤ ਆਤਮ-ਚੇਤਨਾ ਮੌਜੂਦ ਹੈ, ਜਿਸ ਵਿਚ ਸ਼ਿਥਿਲਤਾ ਦੀ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ। ਇਸ ਦੇ ਉਲਟ ਜੈਂਡਰ ਅਧਿਐਨ ਦੇ ਅੰਤਰਗਤ ਬਟਲਰ ਪਛਾਣਾਂ ਦੀ 'ਤਰਲਤਾ' (liquidity) ਨੂੰ ਉਭਾਰਦੀ ਹੈ। ਪਹਿਲਾਂ ਵੀ ਕਿਹਾ ਗਿਆ ਹੈ ਕਿ ਉਹ 'ਇਕ' ਕੋਈ ਵੀ ਹੋ ਸਕਦਾ ਹੈ ਜੋ ਔਰਤ ਵੀ ਹੋ ਸਕਦਾ ਹੈ ਅਤੇ ਨਹੀਂ ਵੀ। ਉਹ ਇਸ ਤਰ੍ਹਾਂ ਦੀ ਪਛਾਣ ਹੋ ਸਕਦਾ ਹੈ ਜੋ ਔਰਤਾਂ ਜਿਹਾ ਪਹਿਰਾਵਾ ਪਾਉਂਦਾ ਹੈ, ਔਰਤਾਂ ਜਿਹਾ ਵਿਹਾਰ ਅਤੇ ਕੰਮ-ਕਾਜ ਕਰਦਾ ਹੈ। ਆਲਮੀ ਪੱਧਰ ਤੋਂ ਲੈ ਕੇ ਸਥਾਨਕ ਤਕ ਅਜਿਹੇ 'ਇੱਕ' ਦੀ ਥਾਂ-ਪੁਰ-ਥਾਂ ਸ਼ਨਾਖ਼ਤ ਕੀਤੀ ਜਾ ਸਕਦੀ ਹੈ।

ਬਟਲਰ ਇੱਥੇ ਫ਼ੂਕੋ ਦੀ ਤਰ੍ਹਾਂ ਹੀ ਕਿਸੇ ਨਿਸ਼ਚਿਤ ਅਤੇ ਸਥਾਪਿਤ 'ਅਹੰ' ਦੀ ਹੋਂਦ ਨੂੰ ਨਕਾਰ ਕੇ ਮਾਨਵਵਾਦ ਦੀ ਮੂਲ-ਕੇਂਦਰੀ ਧਾਰਨਾ ਦਾ ਖੰਡਨ ਕਰਦੀ ਹੈ। ਵਾਰ-ਵਾਰ ਇਸ ਖੰਡਨ ਸਦਕਾ ਦੇਹ/ਦਿਮਾਗ, ਪੁਰਖ/ਇਸਤਰੀ, ਸਵੈ/ਪਰ, ਉਲਟ-ਜਿਨਸੀ/ਗੈਰ-ਉਲਟ-ਜਿਨਸੀ ਆਦਿ ਦੀਆਂ ਸਥਾਪਿਤ ਦੁ-ਵੰਡਾਂ ਟੁੱਟਦੀਆਂ ਹਨ।

ਇਸ ਚਰਚਾ ਦਾ ਦੂਸਰਾ ਸਿਰਾ ਲਿੰਗ ਪੁਨਰ-ਨਿਰਧਾਰਨ (ਸੈਕਸ ਰੀਅਸਾਇਨਮੈਂਟ) ਨਾਲ ਜਾ ਜੁੜਦਾ ਹੈ। ਇਸ ਦਾ ਅਰਥ ਹੈ ਕਿ ਜੇਕਰ ਕਿਸੇ ਨੂੰ ਲਗਦਾ ਹੈ ਕਿ ਉਹ ਗ਼ਲਤ ਸਰੀਰ ਵਿਚ ਪੈਦਾ ਹੋ ਗਿਆ ਹੈ ਤਾਂ ਉਹ ਵਿਗਿਆਨਕ-ਤਕਨੀਕ ਦੀ ਮਦਦ ਨਾਲ ਆਪਣੇ ਸਰੀਰ ਨੂੰ ਸਰਜਰੀ ਜ਼ਰੀਏ ਮਨ/ਵਿਵਹਾਰ ਮੁਤਾਬਿਕ ਢਾਲ ਸਕਦਾ ਹੈ। ਇਸ ਚਲਨ ਦੇ ਮੱਦੇ-ਨਜ਼ਰ ਨਾ ਸਿਰਫ਼ ਦੇਹ-ਦਿਮਾਗ ਦੀ ਇੱਕ-ਜੁੱਟਤਾ ਖੰਡਿਤ ਹੁੰਦੀ ਹੈ ਸਗੋਂ ਪਛਾਣ ਦੇ ਸਥਾਪਿਤ ਕੁਦਰਤੀ-ਸਭਿਆਚਾਰਕ ਆਧਾਰ ਵੀ ਡਗਮਗਾਉਂਦੇ ਹਨ। ਇਸੇ ਵਿਚੋਂ ਸਭਿਆਚਾਰਕ ਉਤਰ-ਮਾਨਵਵਾਦ ਦੀ ਧਾਰਨਾ ਉੱਭਰਦੀ ਹੈ ਕਿ ਮਨੁੱਖੀ ਆਤਮ ਨੂੰ ਸਭਿਆਚਾਰ ਵਿਸ਼ੇਸ਼ ਤੋਂ ਪ੍ਰਾਪਤ ਅਖੰਡ-ਇਕਾਈ (ਮੋਨੋਲਿਥਿਕ ਇਕਾਈ) ਦੇ ਰੂਪ ਵਿਚ ਨਹੀਂ ਦੇਖਿਆ ਜਾ ਸਕਦਾ। ਭਾਵ ਦੇਹ-ਦਿਮਾਗ, ਮਾਦਾ-ਇਸਤਰੀਤਵ ਅਤੇ ਨਰ-ਪੁਰਖਤਵ ਦੀ ਜੁਗਲਬੰਦੀ ਕਮਜ਼ੋਰ ਹੁੰਦੀ ਹੈ। ਇੱਥੋਂ ਤਕ ਕਿ ਦੇਹ-ਕੁਦਰਤੀ, ਜੈਂਡਰ-ਸਭਿਆਚਾਰਕ ਦੀਆਂ ਦੁਵੰਡਾਂ ਵੀ ਮਾਂਦੀਆਂ ਪੈਂਦੀਆਂ ਜਾਂਦੀਆਂ ਹਨ।

ਉਪਰੋਕਤ ਧਾਰਨਾ ਨੂੰ ਹੋਰ ਸਪਸ਼ਟ ਕਰਦਾ ਅਲਵਾ ਮਿਲਰ ਦਾ ਕਥਨ ਗੌਲਣਯੋਗ ਹੈ, "ਉਤਰ-ਮਾਨਵਵਾਦੀ ਆਤਮ ਇਕ ਅਨੇਕੀਕ੍ਰਿਤ ਆਤਮ ਹੈ, ਏਕੀਕ੍ਰਿਤ ਨਹੀਂ ਅਤੇ ਇਹ ਨਰ ਜਾਂ ਮਾਦਾ ਆਪਣੇ ਵਾਤਾਵਰਨ ਤੋਂ ਵੱਖ ਨਹੀਂ ਹਨ। ਤਕਨੀਕ ਸਵੈ ਦਾ ਵਿਸਥਾਰ ਬਣ ਜਾਂਦੀ ਹੈ ਅਤੇ ਮਾਨਵ ਇਕ ਵਿਸ਼ਾਲ ਪਰਿਸਥਿਤੀ-ਤੰਤਰ/ਈਕੋਸਿਸਟਮ ਵਿਚ ਕੇਵਲ ਇਕ ਪ੍ਰਕਾਰ ਦਾ ਵਿਅਕਤੀ ਬਣ ਜਾਂਦਾ ਹੈ। ਇਸ ਵਿਚ ਡਿਜ਼ੀਟਲ ਦੇ ਨਾਲ-ਨਾਲ ਕੁਦਰਤੀ ਵਾਤਾਵਰਨ ਸ਼ਕਤੀਆਂ ਵੀ ਸ਼ਾਮਿਲ ਹੁੰਦੀਆਂ ਹਨ। ਇਸ ਪ੍ਰਸੰਗ ਵਿਚ ਇਹ ਕਥਨ ਉਲੇਖਯੋਗ ਹੈ, ਉਤਰ-ਮਾਨਵਵਾਦ ਅੰਸ਼ਕ ਤੌਰ 'ਤੇ ਉਦਾਰ ਮਾਨਵਵਾਦ ਦੀਆਂ ਪੁਰਾਣੀਆਂ ਧਾਰਨਾਵਾਂ ਨੂੰ ਪਿੱਛੇ ਛੱਡਣ ਬਾਰੇ ਹੈ ਪਰ ਇਹ ਇਕ ਬਹੁਤ ਜ਼ਿਆਦਾ ਕੱਟੜਪੰਥੀ ਅਵਸਥਾ ਵੱਲ ਵੀ ਸੰਕੇਤ ਕਰਨਾ ਸ਼ੁਰੂ ਕਰ ਦਿੰਦਾ ਹੈ, ਮੌਜੂਦਾ ਮਨੁੱਖੀ ਰੂਪ ਤੋਂ ਪਰੇ ਇਕ ਅਵਸਥਾ।"[7] ਇਸ ਕਥਨ ਨਾਲ ਉਤਰ-ਮਾਨਵਵਾਦ ਦੀ ਧਾਰਨਾ ਜੁੜਦੀ ਹੈ ਕਿ ਮਨੁੱਖੀ-ਹੋਂਦ ਆਪਣੇ ਆਸ-ਪਾਸ ਦੇ ਵਾਤਾਵਰਨ ਅਤੇ ਬਦਲਾਉ ਸਦਕਾ ਪ੍ਰਾਪਤ ਸੰਚਿਤ ਹੋਂਦ ਹੈ,

ਇਹ ਇਕਹਰੀ ਜਾਂ ਸਥਿਰ ਨਹੀਂ ਹੋ ਸਕਦੀ। ਇਹ ਕਿਉਂਕਿ ਇਕ ਸੰਚਿਤ ਹੋਂਦ ਹੈ ਇਸ ਲਈ ਸਮੇਂ ਅਤੇ ਸਥਿਤੀਆਂ ਅਨੁਸਾਰ ਬਦਲਦੀ ਰਹਿੰਦੀ ਹੈ। ਲਿਹਾਜ਼ਾ ਕਿਸੇ ਇਕ ਵਰਗ ਦੀ ਪ੍ਰਭੁਸੱਤਾ ਕਿਸੇ ਤਰ੍ਹਾਂ ਵੀ ਸਵੀਕਾਰ ਕਰਨ ਯੋਗ ਨਹੀਂ ਹੈ। ਇਕ ਦੀ ਸੱਤਾ ਨੂੰ ਚੁਣੌਤੀ ਉਤਰ-ਮਾਨਵਵਾਦ ਦਾ ਕੇਂਦਰੀ ਸੂਤਰ ਹੈ।

ਉਤਰ-ਮਾਨਵਵਾਦੀ ਸਮਝ ਨਾਲ ਪਤਾ ਲੱਗਦਾ ਹੈ ਕਿ ਕਿਸੇ ਇਕ 'ਆਤਮ' ਦੀ ਪ੍ਰਧਾਨਤਾ ਦੀ ਸਥਾਪਤੀ ਲਈ ਨਾ ਸਿਰਫ਼ ਬਾਕੀ ਮਨੁੱਖੀ-ਹੋਂਦਾਂ ਨੂੰ ਸਗੋਂ ਜਾਨਵਰਾਂ, ਬਨਸਪਤੀ ਅਤੇ ਮਸ਼ੀਨਾਂ ਨੂੰ ਵੀ ਰੱਦਿਆ ਗਿਆ ਸੀ। ਉਤਰ-ਮਾਨਵਵਾਦੀ ਸਮਝ ਸਹਿ-ਹੋਂਦਾਂ ਨੂੰ ਰੱਦ ਕੇ 'ਆਤਮ' ਨੂੰ ਸਥਾਪਿਤ ਕਰਨ ਦੀ ਥਾਂ ਸਹਿ-ਵਾਸ, ਸਹਿਯੋਗ ਅਤੇ ਸਾਂਝ ਨੂੰ ਉਤਸ਼ਾਹਿਤ ਕਰਨ ਵੱਲ ਰੁਚਿਤ ਹੈ। ਉਤਰ-ਮਾਨਵਵਾਦੀ ਦੌਰ ਵਿਚ ਮਾਨਵੀ 'ਅਹੰ' (ਸਬਜੈਕਟ) ਦਾ ਅਰਥ-ਵਿਸਥਾਰ ਹੁੰਦਾ ਹੈ, "ਪ੍ਰਭੁਸੱਤਾ ਸੰਪੰਨ ਮਨੁੱਖ ਅਸਲ ਵਿਚ ਇਕ ਹਾਈਬ੍ਰਿਡ ਹੈ, ਇਹ ਜੀਵਨ ਦੇ ਉਨ੍ਹਾਂ ਰੂਪਾਂ ਤੋਂ ਬਣਿਆ ਹੈ ਜਿਨ੍ਹਾਂ ਨੂੰ ਮਾਨਵ ਹੋਣ ਦੀਆਂ ਸੀਮਾਵਾਂ ਅਤੇ ਵਿਸ਼ੇਸ਼ ਮਾਨਵੀ-ਪਛਾਣ ਨੂੰ ਪਰਿਭਾਸ਼ਿਤ ਕਰਨ ਲਈ ਬਾਹਰ ਰੱਖਿਆ ਗਿਆ ਸੀ  ਇਹ ਦਲੀਲ ਦਿੰਦਾ ਹੈ ਕਿ 'ਲਾਜ਼ਿਮ' ਮਾਨਵ ਵਿਚ ਗੈਰ-ਮਾਨਵੀ 'ਪਰ' ਵੀ ਸ਼ਾਮਿਲ ਹਨ, ਜਿਵੇਂ ਕਿ ਮਸ਼ੀਨਾਂ, ਪੌਦੇ ਅਤੇ ਜਾਨਵਰ। ਆਲੋਚਨਾਤਮਕ ਉਤਰ-ਮਾਨਵਵਾਦ ਮਨੁੱਖ ਬਾਰੇ ਇਕ ਨਵੀਂ ਧਾਰਨਾ ਉਸਾਰਦਾ ਹੈ, ਜਿਸ ਵਿਚ ਮਾਨਵ ਇਕ ਸੰਮਲਿਤ, ਗੈਰ-ਏਕੀਕ੍ਰਿਤ ਹਸਤੀ ਹੈ, ਜਿਸ ਦੀਆਂ ਸੀਮਾਵਾਂ ਸੰਸਾਰ ਨਾਲ, ਹੋਰ ਜੀਵਨ-ਰੂਪਾਂ ਅਤੇ ਪ੍ਰਜਾਤੀਆਂ ਦੇ ਨਾਲ ਛਿੱਦਰਨੁਮਾ/ਆਰ-ਪਾਰ ਜਾਣ ਵਾਲੀਆਂ ਹਨ।"[8] ਇਸ ਦੌਰ ਵਿਚ ਮਨੁੱਖ-ਮਸ਼ੀਨ, ਮਸ਼ੀਨ-ਕੁਦਰਤ ਦਾ ਦਵੰਦਾਤਮਕ (ਵਿਰੋਧੀ) ਰਿਸ਼ਤਾ ਬਦਲ ਕੇ ਦੋ-ਪਾਸੜ ਆਦਾਨ-ਪ੍ਰਦਾਨ ਵਾਲਾ ਹੋ ਜਾਂਦਾ ਹੈ।

ਮਾਨਵਵਾਦੀ ਦੌਰ ਵਿਚ ਮਸ਼ੀਨ ਨੂੰ ਗ਼ੈਰ-ਕੁਦਰਤੀ (ਕੁਦਰਤ ਵਿਰੋਧੀ) 'ਪਰ' ਦੇ ਰੂਪ ਵਿਚ ਅਤੇ ਮਨੁੱਖ ਨੂੰ ਕੁਦਰਤ ਦੇ ਹਿਤੈਸ਼ੀ ਦੇ ਰੂਪ ਵਿਚ ਸਭ ਤੋਂ ਵਿਸ਼ੇਸ਼ ਕੁਦਰਤੀ-ਹੋਂਦ ਵਜੋਂ ਸਥਾਪਿਤ ਕੀਤਾ ਗਿਆ। ਮਾਨਵਵਾਦ ਦੇ ਸਮਾਨਾਂਤਰ ਜੋ ਮਸ਼ੀਨੀ ਯੁੱਗ ਉੱਸਰਿਆ ਉਸ ਸਦਕਾ ਜੋ ਵਾਤਾਵਰਣ ਦਾ ਨੁਕਸਾਨ ਹੋਇਆ ਉਸ ਲਈ ਮਸ਼ੀਨ ਨੂੰ ਹੀ ਦੋਸ਼ ਦਿੱਤਾ ਗਿਆ। ਗਾਲਿਬ ਧਿਰ ਨੇ ਮਸ਼ੀਨ ਨੂੰ 'ਪਰ' (ਅਦਰ) ਦੇ ਰੂਪ ਵਿਚ ਸਥਾਪਿਤ ਕਰ ਖ਼ੁਦ ਨੂੰ ਦੋਸ਼ਮੁਕਤ ਰੱਖਣ ਲਈ ਪਰਦਾ ਕੀਤਾ ਤੇ ਖ਼ੁਦ ਦੀ ਪ੍ਰਭੂਸੱਤਾ ਸਥਾਪਿਤ ਰੱਖਣ ਦਾ ਵਸੀਲਾ ਬਣਾਇਆ। ਸ਼ਕਤੀ ਅਤੇ ਸੱਤਾ ਦਾ ਇਹ ਇਕ ਹੋਰ ਢਾਂਚਾ ਮਾਨਵਵਾਦੀ ਦੌਰ ਵਿਚ ਪ੍ਰਬਲ ਹੋਇਆ। ਉਤਰ-ਮਾਨਵਵਾਦੀ ਦੌਰ ਵਿਚ ਇਹ ਸਾਰਾ ਪ੍ਰਵਚਨ ਉਲਟ ਜਾਂਦਾ ਹੈ। ਇੱਥੇ ਮਸ਼ੀਨ ਦੇ ਅਨਾਤਮ ਤੇ ਘਾਤਕ ਹੋਣ ਦਾ ਵਿਚਾਰ ਟੁੱਟਦਾ ਹੈ। ਮਸ਼ੀਨ ਅਤੇ ਮਨੁੱਖ ਦਾ ਰਿਸ਼ਤਾ ਸੁਧਾਰ ਵੱਲ ਵਧਦਾ ਹੈ, ਕੁਦਰਤੀ ਵਾਤਾਵਰਣ ਨੂੰ ਖ਼ਰਾਬ ਕੀਤੇ ਜਾਣ ਲਈ ਮਨੁੱਖ ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਸ਼ੁਰੂ ਹੁੰਦਾ ਹੈ। ਸੁਧਾਰ ਦੀ ਗੁੰਜਾਇਸ਼ ਮਨੁੱਖ ਤੋਂ ਕੀਤੀ ਜਾਂਦੀ ਹੈ। ਇਸ ਪਿੱਛੇ ਇਹ ਵੀ ਸੋਚ ਕੰਮ ਕਰਦੀ ਹੈ ਕਿ ਮਸ਼ੀਨ ਨੂੰ ਜੇਕਰ ਮਨੁੱਖ ਖ਼ੁਦ ਦੇ ਲਾਭ ਲਈ ਵਰਤ ਸਕਦਾ ਹੈ ਤਾਂ ਕੁਦਰਤੀ ਵਾਤਾਵਰਣ ਦੀ ਸੰਭਾਲ ਲਈ ਵੀ ਮਸ਼ੀਨਾਂ ਦੀ ਸੁਚੱਜੀ ਵਰਤੋਂ ਹੋ ਸਕਦੀ ਹੈ।

ਮਨੁੱਖ-ਮਸ਼ੀਨ-ਕੁਦਰਤ ਦੀ ਸਹਿ-ਹੋਂਦ ਦਾ ਮਸਲਾ ਉਤਰ-ਮਾਨਵਵਾਦ ਦੀ ਸਦਾਚਾਰਕ ਪੜ੍ਹਤ ਤਹਿਤ ਉੱਭਰਦਾ ਹੈ। ਇਸ ਬਾਬਤ ਪਰਮੋਦ ਕੇ ਨਈਅਰ ਦਾ ਕਥਨ ਹੈ, "ਅੰਤ ਵਿਚ, ਉਤਰ-ਮਾਨਵਵਾਦ ਦਾ ਨੈਤਿਕ ਦ੍ਰਿਸ਼ਟੀਕੋਣ ਜੀਵਨ ਦੇ ਸਾਰੇ ਰੂਪਾਂ ਪ੍ਰਤੀ, ਭੇਦਾਂ ਪ੍ਰਤੀ ਜਵਾਬ ਅਤੇ ਜ਼ਿੰਮੇਵਾਰੀ ਦੀ ਰਾਜਨੀਤੀ ਵੀ ਪੇਸ਼ ਕਰਦਾ ਹੈ।"[9] ਇਸ ਨਾਲ ਮਾਨਵੀ 'ਆਤਮ' ਲਈ 'ਹਿਊਮਨ-ਬੀਂਗ" ਦੀ ਥਾਂ 'ਲਾਈਫ਼-ਬੀਂਗ' ਸ਼ਬਦ ਆਉਂਦਾ ਹੈ। 'ਆਤਮ' ਦਾ ਸੰਕਲਪ 'ਪਰ' ਨਾਲ ਵਿਰੋਧ ਦੀ ਥਾਂ ਸਹਿ-ਹੋਂਦ ਦਾ ਬਣਦਾ ਹੈ। "ਇਕ ਸਮਾਵੇਸ਼ੀ ਜੀਵਨ-ਹੋਂਦ ਬਾਰੇ 'ਖੁੱਲ੍ਹਾ ਨਜ਼ਰੀਆ' ਵਿਗਸਦਾ ਹੈ ਜੋ ਨਾ ਸਿਰਫ਼ ਮਨੁੱਖਾਂ, ਸਗੋਂ ਜਾਨਵਰਾਂ, ਪੌਦਿਆਂ ਅਤੇ ਬੈਕਟੀਰੀਆ ਦੇ 'ਅਮਾਨਵੀਕਰਨ, ਅਨਾਤਮੀਕਰਨ ਅਤੇ ਵਸਤੂਕਰਨ' ਦਾ ਵਿਰੋਧ ਕਰਦਾ ਹੈ।"[10] ਉਤਰ-ਮਾਨਵਵਾਦ ਵਿਚ ਸਾਰੇ ਦਾ ਸਾਰਾ ਕੇਂਦਰ ਖ਼ਾਸ ਮਾਨਵੀ ਹੋਂਦ ਨਹੀਂ ਰਹਿ ਜਾਂਦੀ ਸਗੋਂ ਸਹਿ-ਹੋਂਦ ਨੂੰ ਤਰਜੀਹ ਕਾਰਨ ਤਮਾਮ ਹਾਸ਼ੀਆਕ੍ਰਿਤ ਅਤੇ ਨਵੀਆਂ ਪਛਾਣਾਂ ਧਿਆਨ ਵਿਚ ਆ ਜਾਂਦੀਆਂ ਹਨ। ਚਾਹਤ-ਕੇਂਦ੍ਰਿਤ ਪਛਾਣਾਂ ਜਿਵੇਂ ਹਮ-ਜਿਨਸੀ (ਗੇਅ), ਹਮ-ਜਿਨਸਾ(ਲੈਸਬੀਅਨ), ਟ੍ਰਾਂਸ-ਜੈਂਡਰ (ਉਲਟ-ਲਿੰਗੀ ਕੱਪੜੇ ਪਾਉਣ ਵਾਲੇ, ਸਰਜਰੀ ਨਾਲ ਦੇਹ ਬਦਲਾਉਣ ਵਾਲੇ), ਦੁ-ਲਿੰਗੀ (ਹਮ-ਜਿਨਸੀ-ਜਿਨਸਾ ਦਾ ਸੁਮੇਲ) ਆਦਿ ਨੂੰ ਅਲਹਿਦਾ/ਘਟੀਆ 'ਅਨਾਤਮ' ਗਰਦਾਨੇ ਜਾਣ ਦੀ ਕੁ-ਰੁਚੀ ਘਟਦੀ ਹੈ। ਉਤਰ-ਮਨਵਵਾਦ ਸਮਝ ਵਿਚ ਬਹੁ-ਭਾਂਤੀਆਂ ਮਾਨਵੀ ਪਛਾਣਾਂ ਦਾ ਹੀ ਨਹੀਂ ਥਾਂ ਨਹੀਂ ਬਣਦੀ, ਗੈਰ-ਮਾਨਵੀਂ, ਰਲਵੀਆਂ ਤੇ ਤਰਲ ਪਛਾਣਾਂ ਨੂੰ ਵੀ ਥਾਂ

ਮਿਲਣ ਲੱਗਦੀ ਹੈ। ਇਹ ਚਲਨ 'ਸਾਈਬੌਰਗ''[11] (Cyborg) ਦੇ ਰੂਪ ਵਿਚ ਵਧੇਰੇ ਦ੍ਰਿਸ਼ਟਮਾਨ ਅਤੇ ਸਪਸ਼ਟ ਹੁੰਦਾ ਹੈ।

'ਸਾਈਬੌਰਗ' ਦਾ ਸ਼ਬਦ ਅਤੇ ਸੰਕਲਪ ਡੋਨਾ ਹੇਰਾਵੇਅ ਦੇ 'ਅ ਮੈਨੀਫ਼ੈਸਟੋ ਫ਼ਾਰ ਸਾਈਬੌਰਗਜ਼' ਨਾਲ ਪ੍ਰਚੱਲਿਤ ਹੁੰਦਾ ਹੈ। ਉਸ ਦੁਆਰਾ ਪ੍ਰਸਤੁਤ ਧਾਰਨਾਵਾਂ ਉਤਰ-ਮਾਨਵਵਾਦ ਅਤੇ ਉਤਰ-ਜੈਂਡਰ ਅਧਿਐਨ ਦੇ ਉਦੈ ਵਿਚ ਵੱਡਾ ਯੋਗਦਾਨ ਪਾਉਂਦੀਆਂ ਹਨ। ਉਤਰ-ਮਾਨਵਵਾਦ ਦੇ ਦੌਰ ਵਿਚ 'ਸਾਈਬੌਰਗ' ਦੀ ਬੇਹੱਦ ਨੇੜਲੀ ਉਦਾਹਰਨ 'ਟੈਸਟ-ਟਿਊਬ ਬੱਚੇ' ਹਨ ਜੋ ਮਸ਼ੀਨ ਅਤੇ ਮਨੁੱਖ ਦੇ ਸਹਿਯੋਗ ਨਾਲ ਪੈਦਾ ਹੁੰਦੇ ਹਨ। ਇੱਥੇ, ਪ੍ਰਜਣਨ ਭਾਵ ਬੱਚਿਆਂ ਦੇ ਜਨਮ ਦੀ ਪ੍ਰਕਿਰਿਆ ਕੁਦਰਤੀ ਨਾ ਰਹਿ ਕੇ ਵਿਗਿਆਨ ਅਤੇ ਮਸ਼ੀਨ ਦੀ ਦਖ਼ਲ-ਅੰਦਾਜ਼ੀ ਨਾਲ ਪੂਰੀ ਹੁੰਦੀ ਹੈ। ਇਸੇ ਤਰ੍ਹਾਂ 'ਉਧਾਰੀ ਕੁੱਖ' ਲੈ ਕੇ ਸਰੋਗੇਸੀ ਜ਼ਰੀਏ ਆਈ.ਵੀ.ਐੱਫ਼ ਤਕਨੀਕ ਨਾਲ ਬੱਚਿਆਂ ਨੂੰ ਜਨਮ ਦਿੱਤਾ ਜਾ ਰਿਹਾ ਹੈ। ਇਹ ਮਿਸਾਲਾਂ ਤਸਦੀਕ ਕਰਦੀਆਂ ਹਨ ਕਿ ਮਸ਼ੀਨੀ ਪ੍ਰਬੁੱਧਤਾ ਜ਼ਰੀਏ ਮਨੁੱਖੀ ਸਮਰੱਥਾਵਾਂ ਵਿਚ ਵਾਧਾ ਹੋਇਆ ਹੈ। ਇਸ ਨਾਲ ਮਨੁੱਖਾਂ ਖਾਸ ਤੌਰ 'ਤੇ ਔਰਤ ਨਾਲ ਜੋੜੀ ਜਾਣ ਵਾਲੀ ਹੀਣਤਾ ਦੀ ਸੰਕਲਪਨਾ ਵੀ ਬਦਲੀ ਹੈ।

ਮਸ਼ੀਨ-ਮਨੁੱਖ ਦੀ ਜੁਗਲਬੰਦੀ ਨਾਲ ਜੈਂਡਰ ਭੂਮਿਕਾਵਾਂ ਵੀ ਪਲਟੀਆਂ ਹਨ। ਬੇਸ਼ਕ ਇਹ ਕਾਫ਼ੀ ਪਹਿਲਾਂ ਹੋ ਚੁੱਕਿਆ ਹੈ, ਲਗਭਗ ਇਕ ਸਦੀ ਪਹਿਲਾਂ, ਜਦੋਂ ਮਸ਼ੀਨਾਂ ਨਾਲ ਕੰਮ ਸੁਖਾਲਾ ਹੋ ਗਿਆ ਤੇ ਔਰਤਾਂ ਵੱਡੀ ਗਿਣਤੀ ਵਿਚ ਘਰਾਂ ਤੋਂ ਬਾਹਰ ਵੇਤਨ-ਜੁਗਤ ਕਿਰਤ ਦਾ ਹਿੱਸਾ ਬਣੀਆਂ। ਇਨ੍ਹਾਂ ਔਰਤਾਂ ਨੇ ਔਰਤ ਦੀ ਆਰਥਿਕ ਗ਼ੁਲਾਮੀ ਅਤੇ ਪਿੱਤਰ-ਸੱਤਾ ਨੂੰ ਵੰਗਾਰਿਆ। ਪਰ ਉਸ ਸਮੇਂ ਮਸਲਾ ਇਹ ਸੀ ਕਿ ਔਰਤ-ਮਰਦ ਦੀ ਦੁ-ਵੰਡ ਅਤੇ ਵੱਖ-ਵੱਖ ਪਛਾਣ ਕਾਇਮ ਰਹਿੰਦੀ ਹੈ। ਆਦਮੀ 'ਆਤਮ' ਅਤੇ ਔਰਤ 'ਪਰ' ਹੀ ਰਹਿੰਦੀ ਹੈ। ਇਨ੍ਹਾਂ ਦੀ ਸਮਾਜਕ ਸਥਿਤੀ ਵਿਚ ਤਾਂ ਤਬਦੀਲੀ ਵਾਪਰਦੀ ਹੈ ਪਰ ਲਿੰਗਕ-ਸਬੰਧ ਅਤੇ ਸਬਜੈਕਟੀਵਿਟੀ ਉਸੇ ਤਰ੍ਹਾਂ ਪਿੱਤਰ-ਸੱਤਾ ਪੱਖੀ ਪ੍ਰਵਚਨ ਦੇ ਅਧੀਨ ਹੀ ਰਹਿੰਦੀ ਹੈ।

ਉਤਰ-ਮਾਨਵਵਾਦੀ ਦੌਰ ਵਿਚ ਕਿਉਂਕਿ ਦੇਹ ਖਾਸ ਤੌਰ 'ਤੇ ਔਰਤ ਦੇਹ ਨਾਲ ਬੱਝੀਆਂ ਧਾਰਨਾਵਾਂ ਟੁੱਟੀਆਂ ਹਨ। ਦੇਹਾਂ ਨਿਰੋਲ ਸਭਿਆਚਾਰਕ ਅਰਥਾਂ ਦੀਆਂ ਧਾਰਕ ਅਤੇ ਵਾਹਕ ਨਹੀਂ ਰਹਿ ਗਈਆਂ, ਦੇਹ ਨਿਰੋਲ ਜੈਵਿਕ (ਆਰਗੈਨਿਕ) ਇਕਾਈ ਨਹੀਂ ਹੈ। ਅਜੋਕੇ ਸਮੇਂ ਵਿਚ ਹੋ ਰਹੇ ਵੱਖ-ਵੱਖ ਸਰੀਰਕ-ਅੰਗਾਂ ਦੇ ਪ੍ਰਤੀ-ਆਰੋਪਣ (ਇੰਪਲਾਂਟ) ਨਾਲ ਦੇਹਿਕ ਧਰਾਤਲ 'ਤੇ ਵਾਪਰ ਰਹੀਆਂ ਤਬਦੀਲੀਆਂ ਖਾਸ ਗੌਲਣਯੋਗ ਹਨ। ਉਤਰ-ਮਾਨਵਵਾਦੀ ਦੌਰ ਮਸ਼ੀਨ, ਧਾਤ ਤੇ ਮਨੁੱਖ ਦੀ ਜੁਗਲਬੰਦੀ ਦਾ ਦੌਰ ਹੈ। ਇਸ ਦੌਰ ਵਿਚ ਕਲੋਨ-ਕਲਚਰ (ਪ੍ਰਤੀਰੂਪਣ-ਸਭਿਆਚਾਰ) ਪਨਪ ਰਿਹਾ ਹੈ। ਜੀਵ-ਵਿਗਿਆਨ ਵਿਚ ਕਲੋਨ/ਪ੍ਰਤੀਰੂਪ ਤੋਂ ਭਾਵ ਇਕ ਤਰ੍ਹਾਂ ਦੇ ਪ੍ਰਾਣੀਆਂ ਨੂੰ ਪੈਦਾ ਕਰਨ ਦੀ ਪ੍ਰਕਿਰਿਆ ਹੈ। ਇਸ ਵਿਚ ਕੋਈ ਵੀ ਸਜੀਵ-ਪ੍ਰਾਣੀ ਜਿਵੇਂ ਬੈਕਟੀਆ, ਕੀਟ ਜਾਂ ਪੌਦੇ ਅਲਿੰਗਕ ਰੂਪ ਨਾਲ ਪ੍ਰਜਣਨ ਜ਼ਰੀਏ ਪੈਦਾ ਕੀਤੇ ਜਾਂਦੇ ਹਨ। ਇੱਥੇ 'ਅਲਿੰਗਕ' ਸ਼ਬਦ ਵੱਲ ਧਿਆਨ ਦੇਣ ਦੀ ਲੋੜ ਹੈ।

ਮਨੁੱਖਾਂ ਦੇ ਕਲੋਨ/ਪ੍ਰਤੀਰੂਪ ਬਣਾਏ ਜਾਣ ਦੀਆਂ ਕੋਸ਼ਿਸ਼ਾਂ ਜ਼ੋਰਾਂ 'ਤੇ ਹਨ। ਵਿਗਿਆਨ ਆਧਾਰਿਤ ਗਾਲਪਨਿਕ ਸਿਰਜਣਾਵਾਂ ਜਿਵੇਂ ਫ਼ਿਲਮਾਂ, ਨਾਵਲਾਂ, ਕਹਾਣੀਆਂ ਆਦਿ ਵਿਚ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ, ਖੋਜਾਂ ਤੇ ਸੰਭਾਵਨਾਵਾਂ ਬਾਰੇ ਲਿਖਿਆ ਜਾ ਰਿਹਾ ਹੈ। ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਨਾਲ ਅਰਜਿਤ ਸਰੀਰਾਂ ਦੇ ਧਾਰਕ ਭਾਵ ਸਾਈਬੌਰਗ/ਸੰਤਾਂਤ੍ਰਿਕ-ਜੀਵ ਉਤਰ-ਮਾਨਵ ਹੋ ਜਾਣਾ ਚਾਹੁੰਦੇ ਹਨ, ਜੋ "ਨਾ ਤਾਂ ਮਿੱਟੀ ਤੋਂ ਬਣਨ ਅਤੇ ਨਾ ਹੀ ਖ਼ਾਕ ਵਿਚ ਮਿਲਣ।" ਇਉਂ ਉਤਰ-ਮਾਨਵਵਾਦੀ ਦੌਰ ਵਿਚ ਦੇਹ ਸਿਰਫ਼ ਰੂਹ ਦਾ ਸਥੂਲ (ਕੁਦਰਤੀ ਤੇ ਪਵਿੱਤਰ ਆਖਿਆ ਜਾਣ ਵਾਲਾ) ਨਿਵਾਸ ਨਹੀਂ, ਇਹ ਉਹ ਤਰਲ ਸਥਲ ਹੋ ਗਈ ਹੈ ਜਿੱਥੇ ਜੀਵ-ਵਿਗਿਆਨ ਦੀ ਨਿਰੰਤਰ ਦਖ਼ਲ-ਅੰਦਾਜ਼ੀ ਨਾਲ ਕੁਝ ਨਾ ਕੁਝ ਲਗਾਤਾਰ ਬਦਲ ਰਿਹਾ ਹੈ।

ਉਤਰ-ਮਾਨਵਵਾਦ ਦੇ ਦੌਰ ਵਿਚ ਬੰਦਾ ਦੇਹ ਦੀ ਥਾਂ ਸਭਿਆਚਾਰ ਹੀ ਨਹੀਂ, ਵਿਗਿਆਨ, ਤਕਨੀਕ ਅਤੇ ਵਾਤਾਵਰਨ (ਕੁਦਰਤੀ ਤੇ ਮਨੁੱਖ-ਸਿਰਜਿਤ) ਦੇ ਅਧੀਨ ਹੋ ਰਿਹਾ ਹੈ। ਇਸ ਦੌਰ ਵਿਚ ਪੁਰਾਣੀਆਂ ਦੁ-ਵੰਡਾਂ ਅਤੇ ਸਥਾਪਿਤ 'ਅਨਾਤਮ'/'ਪਰ' ਦੀ ਥਾਂ 'ਕਰੋਨਾ' ਵਰਗੇ ਵਾਇਰਸ, ਰੋਬੋਟ, ਕਲੋਨ ਪੈਦਾ ਹੋ ਰਹੇ ਹਨ। ਇਨ੍ਹਾਂ ਦੀ ਪੈਦਾਵਾਰ ਪਿੱਛੇ ਬੇਸ਼ਕ ਮਨੁੱਖੀ ਦਿਮਾਗ/ਅਕਲ਼ ਹੈ, ਪਰ ਇਹ ਮਨੁੱਖ ਦੇ ਕਾਬੂ ਤੋਂ ਬਾਹਰ ਵੀ ਹੋ ਰਹੇ ਹਨ। ਇਸ ਤਰ੍ਹਾਂ ਮਨੁੱਖੀ-ਅਕਲ਼ ਲਈ ਇਹ ਨਵੀਆਂ ਚੁਣੌਤੀਆਂ ਹਨ। ਇਸ ਤਰ੍ਹਾਂ ਹੋਣ ਨਾਲ ਮਾਨਵਵਾਦ ਦੀ ਧਾਰਨਾ ਕਿ ਮਨੁੱਖੀ ਚੇਤਨਾ/ਸਮਝ ਹੀ ਸਰਵੋਪਰੀ ਹੈ, ਟੁੱਟਦੀ ਹੈ। ਇਸ ਧਾਰਨਾ ਦੇ ਟੁੱਟਣ ਨਾਲ ਉਤਰ-ਮਾਨਵਵਾਦੀ ਦੌਰ ਵਿਚ ਆਸ-ਪਾਸ ਦੇ ਵਾਤਾਵਰਨ, ਜੀਵਾਂ, ਜਾਨਵਰਾਂ ਇੱਥੋਂ ਤਕ ਕਿ ਮਸ਼ੀਨਾਂ ਨਾਲ ਵੀ ਸਹਿ-ਵਾਸ ਤੇ ਸਹਿ-ਹੋਂਦ ਨੂੰ ਕਾਇਮ ਕਰਨ ਦੇ ਵਿਚਾਰ ਉੱਭਰਦੇ ਹਨ।

ਉਤਰ-ਮਾਨਵਵਾਦ ਦੀ ਵਿਸ਼ੇਸ਼ਤਾ ਹੈ ਕਿ ਮਨੁੱਖ ਨੂੰ ਵਾਪਿਸ ਕੁਦਰਤ ਤੇ ਵਾਤਾਵਰਨ ਨਾਲ ਜੋੜਨਾ ਹੈ ਤੇ ਮਨੁੱਖ ਨਾਲ ਜੋੜੀ ਜਾਂਦੀ ਹਰ ਤਰ੍ਹਾਂ ਦੀ 'ਮਹਾਨਤਾ ਦੇ ਪ੍ਰਵਚਨ' ਨੂੰ ਚੁਣੌਤੀ ਦੇਣੀ ਹੈ। ਇਉਂ ਹੋਣਾ ਕੱਟੜ ਜੈਂਡਰ-ਪਛਾਣਾਂ ਨੂੰ ਨਾ ਸਿਰਫ਼ ਸਵਾਲਾਂ ਦੇ ਘੇਰੇ ਵਿਚ ਲੈ ਆਉਂਦਾ ਹੈ ਸਗੋਂ ਜੀਵ-ਵਿਗਿਆਨਕ ਦਖ਼ਲ ਨਾਲ ਰੱਦ ਵੀ ਕਰਦਾ ਹੈ। ਨਤੀਜਨ, ਦੇਹਾਂ ਵਿਚ ਮਨ-ਮਰਜ਼ੀ ਦਾ ਬਦਲਾਉ, ਪਹਿਰਾਵਾ, ਰੁਚੀ ਅਨੁਸਾਰ ਨਾ ਕਿ ਸਮਾਜ-ਸਭਿਆਚਾਰ ਦੀਆਂ ਤਹਿਸ਼ੁਦਾ ਰਵਾਇਤਾਂ ਅਨੁਸਾਰ, ਕੰਮ-ਕਾਜ ਮਨ-ਪਸੰਦ ਦਾ ਨਾ ਕਿ ਕੱਟੜ ਲਿੰਗ ਦੁ-ਵੰਡ ਅਨੁਸਾਰ। ਇਸ ਤਰ੍ਹਾਂ ਦੇ ਬਦਲਾਵਾਂ ਦੇ ਨਤੀਜੇ ਵਜੋਂ, ਸਮਾਜ-ਸਭਿਆਚਾਰ ਘਾੜ੍ਹਤਾਂ ਵਿਚ ਤੇਜ਼ੀ ਨਾਲ ਤਬਦੀਲੀ ਵਾਪਰ ਰਹੀ ਹੈ ਤੇ ਸਮਾਜ ਇਕ ਉਤਰ-ਜੈਂਡਰ ਸੰਕਲਪ ਤੇ ਵਿਵਸਥਾ ਵੱਲ ਕਦਮ ਵਧਾ ਰਿਹਾ ਹੈ।

ਉਤਰ-ਮਾਨਵਵਾਦ ਦੇ ਨਾਲ ਪੈਦਾ ਹੋ ਰਹੀ ਉਤਰ-ਜੈਂਡਰ ਚੇਤਨਾ ਦੇ ਨਤੀਜੇ ਵਜੋਂ ਕਿਸ ਤਰ੍ਹਾਂ ਦੇ ਸਮਾਜ ਦੀ ਕਲਪਨਾ ਕੀਤੀ ਜਾ ਰਹੀ ਹੈ, ਇਸ ਦਾ ਜਵਾਬ 'ਉਰਸੁਲਾ ਕੇ ਲੀ ਗੁਇਨ' ਨਾਮ ਦੀ ਅਮਰੀਕੀ ਲੇਖਿਕਾ ਦੇ ਨਾਵਲ ਵਿਚੋਂ ਦਿੱਤੀ ਜਾਂਦੀ ਹੈ। ਲੀ ਗੁਇਨ ਦਾ ਲਿਖਿਆ ਨਾਵਲ **ਦ ਲੈਫ਼ਟ ਹੈਂਡ ਆਫ਼ ਡਾਰਕਨੈੱਸ** ਵਿਗਿਆਨਕ-ਕਲਪਨਾ ਆਧਾਰਿਤ ਗਲਪ ਦੀ ਸ਼੍ਰੇਣੀ ਵਿਚ ਆਉਂਦਾ ਹੈ। ਇਹ ਨਾਵਲ ਇਕ ਕਾਲਪਨਿਕ ਗ੍ਰਹਿ 'ਗੇਥੇਨ'  'ਤੇ ਵਾਪਰਦਾ ਹੈ। ਮਨੁੱਖ ਪਾਤਰ ਜੇਨਲੀ AI (Genly AI) ਹੈ। AI ਇਕ ਦੂਤ ਦੇ ਰੂਪ ਵਿਚ ਸਾਰੇ ਗੇਥੇਨੀਅਨ ਰਾਸ਼ਟਰਾਂ ਨੂੰ ਏਕੁਮਨ ਨਾਮ ਦੇ ਅੰਤਰਰਾਸ਼ਟਰੀ ਵਪਾਰ ਨੈਟਵਰਕ ਵਿਚ ਸ਼ਾਮਿਲ ਕਰਨ ਦੀ ਕੋਸ਼ਿਸ਼ ਤਹਿਤ ਉਸ ਗ੍ਰਹਿ 'ਤੇ ਹੈ। ਇਸ ਗ੍ਰਹਿ ਬਾਰੇ ਖਾਸ ਹੈ ਕਿ ਗੇਥੇਨ ਦੇ ਲੋਕ ਅੱਸੀ ਪ੍ਰਤੀਸ਼ਤ ਸਮਾਂ ਨਪੁੰਸਿਕ/ਅਲਿੰਗਕ ਰਹਿੰਦੇ ਹਨ, ਭਾਵ ਉਹ ਨਾ ਪੁਰਖ ਹੁੰਦੇ ਹਨ ਅਤੇ ਨਾ ਹੀ ਇਸਤਰੀ। ਇਸ ਗ੍ਰਹਿ 'ਤੇ ਜਦੋਂ ਕੇਮਰ ਨਾਮ ਦਾ ਸਮਾਂ ਆਉਂਦਾ ਹੈ ਉਦੋਂ ਹੀ ਲੋਕ ਲਿੰਗਕ ਵਿਵਹਾਰ ਕਰਦੇ ਹਨ। ਇਹ ਸਮਾਂ ਧੁੱਪ/ਗਰਮੀ/ਰੌਸ਼ਨੀ ਦਾ ਹੁੰਦਾ ਹੈ।

ਚਰਚਾ ਅਧੀਨ ਨਾਵਲ ਵਿਚ ਇਕ ਸਮਾਂ ਆਉਂਦਾ ਹੈ ਜਦੋਂ AI ਦੀ ਕਿਸੇ ਰਾਸ਼ਟਰ ਦੇ ਮੁਖੀ ਨਾਲ ਅਣ-ਬਣ ਜਾਂ ਗਲਤ-ਫ਼ਹਿਮੀ ਹੋ ਜਾਂਦੀ ਹੈ। ਉਸ ਨੂੰ ਦੂਰ ਉਤਰ ਵੱਲ ਇਕ ਕਿਰਤ-ਕੈਂਪ ਵਿਚ ਬਤੌਰ ਸਜ਼ਾ ਭੇਜ ਦਿੱਤਾ ਜਾਂਦਾ ਹੈ। ਉੱਥੇ AI ਦੇ ਬਿਮਾਰ ਹੋਣ 'ਤੇ ਉਸ ਦਾ ਪੁਰਾਣਾ ਜਾਣਕਾਰ ਏਸਟ੍ਰਾਵੇਨ (Estraven) ਉਸ ਕੈਂਪ ਵਿਚੋਂ ਬਚਾਅ ਕੇ ਉਸ ਨੂੰ ਬਾਹਰ ਕੱਢ ਲੈਂਦਾ ਹੈ। ਏਸਟ੍ਰਾਵੇਨ ਨੂੰ ਵੀ ਉਸਦੇ ਰਾਸ਼ਟਰ ਵਿਚੋਂ ਕਿਸੇ ਕਾਰਨ ਬਾਹਰ ਕੱਢਿਆ ਗਿਆ ਹੁੰਦਾ ਹੈ। ਮੁਸੀਬਤ ਦੇ ਮਾਰੇ ਦੋਵੇਂ ਰਲ਼ ਜਾਂਦੇ ਹਨ। ਉਸ ਸਮੇਂ ਮੁਸ਼ਕਲ ਇਹ ਹੁੰਦੀ ਹੈ ਕਿ ਉਨ੍ਹਾਂ ਨੂੰ ਆਪਣੇ ਬਚਾਉ ਲਈ ਗੋਰਬਿਨ ਬਰਫ਼ ਦੇ ਪਾਰ ਜਾਣ ਲਈ ਗੁਪਤ ਰੂਪ ਵਿਚ ਯਾਤਰਾ ਕਰਨੀ ਪੈਣੀ ਹੈ। ਇਸ ਵਿਚ ਲਗਭਗ ਅੱਸੀ ਦਿਨਾਂ ਦਾ ਸਮਾਂ ਲਗਦਾ ਹੈ। ਯਾਤਰਾ ਦੌਰਾਨ ਬੇਹੱਦ ਠੰਢਾ ਅਤੇ ਬਰਫ਼ੀਲਾ ਵਾਤਾਵਰਨ ਉਨ੍ਹਾਂ ਲਈ ਵੱਡੀ ਚੁਣੌਤੀ ਬਣਦਾ ਹੈ। AI ਲਈ ਦੂਸਰੀ ਸਮੱਸਿਆ ਹੈ ਕਿ ਉਹ ਏਸਟ੍ਰਾਵੇਨ ਦੀ ਲਿੰਗਕ ਪਛਾਣ ਬਾਰੇ ਵੀ ਕੁਝ ਸਮਝ ਨਹੀਂ ਪਾਉਂਦਾ। ਉਹ ਕਿਉਂਕਿ ਉਸ ਨੂੰ ਪੁਰਖ ਜਾਂ ਇਸਤਰੀ ਦੇ ਰੂਪ ਵਿਚ ਨਹੀਂ ਦੇਖ ਪਾਉਂਦਾ ਇਸ ਲਈ ਉਸ ਨੂੰ ਲਗਦਾ ਹੈ ਕਿ ਇਹ ਸੁਭਾਵਿਕ ਹੀ ਧੋਖੇਬਾਜ਼ ਹੈ। ਉਹ ਬਿਨ੍ਹਾਂ ਵਿਸ਼ਵਾਸ ਕੀਤੇ ਉਸ ਦੇ ਨਾਲ ਤੁਰਦਾ ਰਹਿੰਦਾ ਹੈ ਕਿਉਂਕਿ ਉਸ ਕੋਲ ਕੋਈ ਹੋਰ ਰਾਸਤਾ ਨਹੀਂ। ਪਰ ਅੱਸੀ ਦਿਨਾਂ ਦੇ ਲੰਮੇ ਸਫ਼ਰ ਦੌਰਾਨ AI ਏਸਟ੍ਰਾਵੇਨ ਨੂੰ ਠੀਕ ਉਸੇ ਤਰ੍ਹਾਂ ਸਵੀਕਾਰ ਕਰਨ ਦੇ ਸਮਰੱਥ ਹੋ ਜਾਂਦਾ ਹੈ ਜਿਵੇਂ ਉਹ ਹੈ, ਨਾ ਪੁਰਖ, ਨਾ ਨਾਰੀ। ਦੋਵਾਂ ਵਿਚ ਭਰਾਵਾਂ ਵਰਗਾ ਜਾਂ ਪ੍ਰੇਮੀਆਂ ਵਰਗਾਂ ਜਾਂ ਪ੍ਰੇਮੀ-ਪ੍ਰੇਮਿਕਾ, ਕਿਸ ਤਰ੍ਹਾਂ ਦਾ ਰਿਸ਼ਤਾ ਹੈ, ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ, ਪਰ ਰਿਸ਼ਤਾ  ਬਣ ਜਾਂਦਾ ਹੈ ਤੇ ਬਣਦਾ ਵੀ ਮਜ਼ਬੂਤ ਹੈ।

ਨਾਵਲੀ ਕਥਾ ਵਿਚ ਮੋੜ ਉਸ ਸਮੇਂ ਆਉਂਦਾ ਹੈ ਜਦੋਂ ਅੰਤ ਨੂੰ ਉਹ ਦੋਵੇਂ ਕਰਹਾਈਡ ਇਲਾਕੇ ਵਿਚ ਪਹੁੰਚ ਜਾਂਦੇ ਹਨ, ਜਿੱਥੋਂ AI ਰੇਡੀਓ ਸਿਗਨਲ ਰਾਹੀਂ ਆਪਣੇ ਅਸਮਾਨੀ-ਜਹਾਜ਼ ਨੂੰ ਸੰਦੇਸ਼ ਭੇਜਣ ਵਿਚ ਕਾਮਯਾਬ ਹੋ ਜਾਂਦਾ ਹੈ। ਆਪਣੇ ਲੋਕਾਂ ਤੇ ਏਸਟ੍ਰਾਵੇਨ ਦੇ ਯਤਨਾਂ ਨਾਲ ਉਸ ਦਾ ਦੂਤ ਵਾਲਾ ਮਿਸ਼ਨ ਵੀ ਪੂਰਾ ਹੋ ਜਾਂਦਾ ਹੈ। ਪਰ ਇਸ ਦੌਰਾਨ ਕਿਉਂਕਿ ਉਹ ਕਰਹਾਈਡ ਇਲਾਕੇ ਵਿਚ ਹਨ ਤੇ ਏਸਟ੍ਰਾਵੇਨ ਨੂੰ ਕਰਹਾਈਡ ਵਿਚੋਂ ਕਾਨੂੰਨੀ ਦੇਸ਼-ਨਿਕਾਲਾ ਹੈ; ਇਸ ਲਈ ਉਹ ਜਦੋਂ ਹੀ ਸਿਪਾਹੀਆਂ ਦੀ ਨਜ਼ਰ ਵਿਚ ਆਉਂਦਾ ਹੈ, ਉਸ ਨੂੰ ਗੋਲ਼ੀ ਮਾਰ ਦਿੱਤੀ ਜਾਂਦੀ ਹੈ। ਉਸ ਦੀ ਮੌਤ ਪਿੱਛੋਂ AI ਉਸ ਪ੍ਰਤੀ ਆਪਣਾ ਆਖ਼ਰੀ ਫ਼ਰਜ਼ ਨਿਭਾਉਣ ਲਈ ਉਸ ਦੀਆਂ ਡਾਇਰੀਆਂ ਉਸ ਦੇ ਭਰਾ ਤੇ ਪਿਤਾ ਨੂੰ ਦੇਣ ਜਾਣ ਦਾ ਫ਼ੈਸਲਾ ਕਰਦਾ ਹੈ। ਇਸ ਨਾਲ ਨਾਵਲ ਦਾ ਅੰਤ ਹੁੰਦਾ ਹੈ।

ਨਾਵਲ ਵਿਚ ਖਾਸ ਗੱਲ ਹੈ ਕਿ ਜਿਵੇਂ AI ਗੇਥੇਨ ਲੋਕਾਂ ਦੀ ਨਪੁੰਸਿਕਤਾ/ਅਲਿੰਗਕਤਾ ਨੂੰ ਸਮਝਣ ਤੋਂ ਅਸਮਰੱਥ ਹੈ, ਉਸੇ ਤਰ੍ਹਾਂ ਗੇਥੇਨ ਲੋਕਾਂ ਲਈ ਉਸ ਦੀ ਲਿੰਗਕਤਾ ਸਮੱਸਿਆਜਨਕ ਹੈ। ਉਨ੍ਹਾਂ ਲਈ ਇਹ ਮੰਨਣਾ ਕਿ ਕੋਈ ਜੀਵ ਪੂਰਾ ਸਮਾਂ ਇਸਤਰੀ ਜਾਂ ਪੁਰਖ ਬਣ ਕੇ ਰਹਿੰਦਾ ਹੈ, ਵਿਕ੍ਰਿਤ ਮਾਨਸਿਕਤਾ ਦੀ ਨਿਸ਼ਾਨੀ ਹੈ। ਉਨ੍ਹਾਂ ਨੂੰ ਇਹ ਵੱਡੀ ਕਮੀ ਲਗਦੀ ਹੈ ਕਿ ਹਰ ਸਮੇਂ ਕੋਈ ਜੀਵ ਲਿੰਗਕਤਾ ਦਾ ਪੱਟਾ ਨਾਲ ਲੈ ਕੇ ਚੱਲਣ ਜਦੋਂ ਕਿ ਪ੍ਰਜਣਨ ਦੇ ਕੁਝ ਸਮੇਂ ਤੋਂ ਬਿਨ੍ਹਾਂ ਇਸ ਦੀ ਲੋੜ ਨਹੀਂ। ਇਸ ਲਈ ਗੇਥੇਨ ਲੋਕ ਸਾਲ ਦਾ ਸਿਰਫ਼ ਵੀਹ ਫ਼ੀਸਦੀ ਸਮਾਂ ਹੀ ਲਿੰਗਕ ਪਛਾਣ ਦੇ ਧਾਰਕ ਹੁੰਦੇ ਹਨ, ਉਹ ਵੀ ਮਰਜ਼ੀ ਦੀ ਕਿ ਉਹ ਪੁਰਖ ਜਾਂ ਇਸਤਰੀ ਕੁਝ ਵੀ ਹੋ ਸਕਦੇ ਹਨ। ਉਨ੍ਹਾਂ ਲਈ ਲਿੰਗਕਤਾ ਕੇਂਦਰੀ ਮਸਲਾ ਨਹੀਂ ਸਗੋਂ ਉਲਟ-ਵਾਤਾਵਰਨੀ ਸਥਿਤੀਆਂ ਜਿਵੇਂ ਬਹੁਤ ਜ਼ਿਆਦਾ ਬਰਫ਼ੀਲਾ ਠੰਢਾਂ ਮੌਸਮ ਅਸਲ ਵਿਚ ਸਮੱਸਿਆ ਹੈ। ਇਸ ਨਾਵਲ ਵਿਚ ਗੇਥੇਨ ਲੋਕਾਂ ਦੀ ਇਕ ਕਵਿਤਾ ਦਰਜ ਕੀਤੀ ਗਈ ਹੈ, ਜਿਸ ਦਾ ਅਨੁਵਾਦ ਕੁਝ ਇਸ ਤਰ੍ਹਾਂ ਹੈ:

*ਚਾਨਣ ਹਨੇਰੇ ਦਾ ਖੱਬਾ ਹੱਥ ਹੈ*
*ਅਤੇ ਹਨੇਰਾ ਚਾਨਣ ਦਾ ਸੱਜਾ ਹੱਥ*
*ਦੋਵੇਂ ਇਕ ਹਨ, ਜੀਵਨ ਅਤੇ ਮੌਤ*
*ਇਕੱਠੇ ਲੇਟੇ ਜਿਵੇਂ ਕੇਮਰ ਵੇਲੇ ਪ੍ਰੇਮੀ*
*ਜਿਵੇਂ ਹੱਥ ਮਿਲੇ ਹੋਣ ਆਪਸ ਵਿੱਚ*
*ਜਿਵੇਂ ਮੰਜ਼ਿਲ ਤੇ ਰਾਸਤਾ।*[14]

ਇਹ ਕਵਿਤਾ ਸੰਕੇਤ ਹੈ ਉਸ ਉਤਰ-ਮਾਨਵਵਾਦੀ ਸੋਚ ਦੀ ਜਿੱਥੇ AI ਅਤੇ ਏਸਟ੍ਰਾਵੇਨ ਦੋਵੇਂ ਬੇਇਤਬਾਰੀ ਦੇ ਆਪਣੇ-ਆਪਣੇ ਹਨੇਰਿਆਂ ਵਿਚੋਂ ਨਿਕਲ ਕੇ ਸਵੀਕ੍ਰਿਤੀ ਦੀ ਰੌਸ਼ਨੀ ਵਿਚ ਆਉਂਦੇ ਹਨ। 'ਆਤਮ' ਤੇ 'ਅਨਾਤਮ' ਦੀਆਂ ਲਕੀਰਾਂ ਧੁੰਦਲੀਆਂ ਹੁੰਦੀਆਂ ਹਨ। ਇਹ ਉਹ ਉਤਰ-ਮਾਨਵਵਾਦੀ ਨਾਵਲੀ ਸਪੇਸ ਹੈ ਜਿੱਥੇ ਤਰਲਤਾ ਹਾਵੀ ਹੈ, ਹਰ ਬਸ਼ਰ ਆਪਣੇ-ਆਪ ਤੋਂ ਦੂਸਰੇ ਦੇ ਘੇਰੇ ਵੱਲ ਵਧ ਰਿਹਾ ਹੈ, ਜਿਵੇਂ ਹਨੇਰਾ ਚਾਨਣ ਵੱਲ ਤੇ ਚਾਨਣ ਮੁੜ ਹਨੇਰੇ ਵੱਲ। ਇਉਂ ਉਤਰ-ਮਾਨਵਵਾਦੀ ਤੇ ਉਤਰ-ਜੈਂਡਰ ਉਸ ਤਰ੍ਹਾਂ ਦਾ ਸਮਾਂ ਹੈ ਜਿਵੇਂ ਊਸ਼ਾ ਜਾਂ ਸੰਝ ਦਾ ਵੇਲਾ, ਜਦੋਂ ਹਨੇਰਾ ਤੇ ਚਾਨਣ ਆਪਣੀ-ਆਪਣੀ ਲੋਈ ਵਟਾ ਰਹੇ ਹੁੰਦੇ ਹਨ। ਇਸ ਤਰ੍ਹਾਂ ਦਾ ਸਮਾਂ ਜਿੱਥੇ ਦੁ-ਵੰਡਾਂ ਦੀਆਂ ਲਕੀਰਾਂ ਧੁੰਦਲੀਆਂ ਹੁੰਦੀਆਂ ਹਨ। ਐਸੇ ਸਮਾਜ ਦੀ ਕਲਪਨਾ ਉਤਰ-ਮਾਨਵਵਾਦੀ ਤੇ ਉਤਰ-ਜੈਂਡਰ ਸਮਝ ਦੀ ਸਮਰੱਥਾ ਅਤੇ ਭਵਿੱਖਮੁਖੀ ਸੰਭਾਵਨਾ ਹੈ।

## ਹਵਾਲੇ


1. Simone de Beauvoir, **The Second Sex**, Constance Borde, Sheila Malovany-Chevallier (Trans.), Vintage Books, New York, 2010, p. 330
2. "Feminists like Lucy Irigaray pointed out that the allegedly abstract ideal of man as a symbol of classical Humanity is very much a male of the species: it is a he. Moreover, he is white, European, handsome and able-bodied; of his sexuality nothing much can be guessed, though plenty of speculation surrounds that of its painter, Leonardo da Vinci." Lucy Irigaray quoted by Rosi Braidotti in **"Posthuman Feminist Theory"**, The Oxford Handbook of Feminist Theory, Lisa Disch, Mary Hawkesworth (eds.), Oxford University Press, London, 2016, p. 678.
3. "Subjectivity is equated with consciousness, universal rationality, and self-regulating ethical behaviour, all of them equating masculinity and European civilization, whereas Otherness is defined as its negative and specular counterpart: irrationality, immorality, femininity and non-westernness. In so far as difference spells inferiority, it acquires both essentialist and lethal connotations for people who get branded as the 'other'. These are the sexualized, racialized, and naturalised others, who are reduced to the less-than-human status of disposable bodies." Rosi

Braidotti, “Yes, There Is No Crisis. Working Towards the Posthumanities”, **Journal of Diversity and Gender Studies**, Leuven University Press, Vol. 2, No. 1-2(2015), p. 11, retrieved from, https://www.jstor.org/stable/10.11116/jdivegendstud.2.1-2.0009

4. Michel Foucault, **The Order of Things: An Archaeology of the Human Science**, Vintage Books, New York, 1994, p. 387
5. Gender is the repeated stylization of the body, a set of repeated acts within a highly rigid regulatory framework that congeal over time to produce the appearance of substance, of a natural sort of being.” Judith Butler, **Gender Trouble: Feminism and Subversion of Identity**, 1990, Routledge, New York, 2012, p.33
6. Pramod K. Nayar, **Posthumanism**, Polity Press, Cambridge, 2014, p.12
7. The posthuman subject is a multiple subject, not a unified one, and she or he (a distinction that also gets blurred in posthuman-ism) is not separate from his/her environment. Technologies become extension of the self, and humans become only one type of individual in a vast ecosystem that includes digital as well as natural environmental forces. In other words, posthumanism is partly about leaving behind the old notions of liberal humanism … But it also begins to gesture toward a much more radical state, a state beyond the current human form.” quoted in, Alva Miller quoted in, Intro, **The Posthuman Imagination**, Tanmoy Kundu, Saikat Sarkar (eds.), Cambridge Scholars Publishing, UK, 2021, p. 6
8. “Sovereign human is in fact a hybrid, constituted by the very forms of life that were excluded to define the limits and identity of the human. … It argues that the ‘essential’ human includes the non-human Others such as the machines, the plants and the animals. Critical posthuman is … a whole new conceptualization of the human as a more inclusive, non-unitary entity whose boundaries with the world, with other life forms and species, are porous.” Pramod K. Nayar, **Posthumanism**, Polity Press, Cambridge, 2014, p.30
9. Nayar, **Ibid**, p.31
10. “The ‘larger vision’ of a more inclusive life-being which resists the ‘dehumanisation, objectification, and commodification’ not just of humans but also of animals, plants and bacteria is to be found in literature.” Nayar, **ibid**, p.33
11. ਉਨ੍ਹਾਂ ਧਾਰਨਾਵਾਂ ਦੀ ਚਰਚਾ ਤੋਂ ਪਹਿਲਾਂ 'ਸਾਈਬੌਰਗ' ਦੇ ਸਾਧਾਰਨ ਅਰਥਾਂ ਨੂੰ ਸਮਝਣਾ ਜ਼ਰੂਰੀ ਹੈ। 'ਸਾਈਬੌਰਗ' ਸ਼ਬਦ ਦੋ ਸ਼ਬਦਾਂ 'ਸਾਈਬਰਨੈਟਿਕਜ਼' ਅਤੇ 'ਆਰਗੇਨਿਜ਼' ਤੋਂ ਮਿਲ ਕੇ ਬਣਿਆ ਹੈ। ਸਾਧਾਰਨ ਸ਼ਬਦਾਂ ਵਿਚ 'ਸਾਈਬਰਨੈਕਿਟਜ਼' (ਸੰਤਾਂਤ੍ਰਿਕੀ, ਸੂਚਨਾ ਪ੍ਰਭਾਵਿਕੀ) ਉਹ ਵਿਗਿਆਨ ਹੈ ਜਿਸ ਵਿਚ ਅਜਿਹੀਆਂ ਮਸ਼ੀਨਾਂ ਬਾਬਤ ਅਧਿਐਨ ਆ ਜਾਂਦਾ ਹੈ ਜੋ ਮਨੁੱਖ ਅਤੇ ਜਾਨਵਰ ਦੀ ਸੋਝੀ ਦੀ ਨਕਲ ਕਰਨ ਦੀ ਸਮਰੱਥਾ ਨਾਲ ਵਿਕਸਿਤ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਨੂੰ ਮਨੁੱਖ ਦੀ ਮਦਦ ਲਈ ਵਰਤਿਆ ਜਾਂਦਾ ਹੈ। 'ਆਰਗੇਨਿਜ਼ਮ' ਦਾ ਅਰਥ ਸਾਰੇ ਸਜੀਵ ਜੀਵਾਂ ਤੋਂ ਲਿਆ ਜਾਂਦਾ ਹੈ। ਇਨ੍ਹਾਂ ਦੋਵਾਂ ਦੇ ਸੁਮੇਲ ਤੋਂ 'ਸਾਈਬੌਰਗ' ਸ਼ਬਦ ਬਣਦਾ ਹੈ; ਜਿਸ ਨੂੰ ਪੰਜਾਬੀ ਵਿਚ 'ਸੰਤਾਂਤ੍ਰਿਕ-ਜੀਵ' ਕਿਹਾ ਜਾ ਸਕਦਾ ਹੈ। ਇਹ ਉਹ ਜੀਵ (ਮਾਨਵ) ਹਨ ਜਿਨ੍ਹਾਂ ਦੀਆਂ ਸਮਰੱਥਾਵਾਂ ਕੰਪਿਊਟਰ-ਪ੍ਰਤੀਆਰੋਪਣ (ਇੰਪਲਾਂਟ) ਅਤੇ ਮਸ਼ੀਨੀ ਸਰੀਰਕ ਅੰਗਾਂ ਦੀ ਮਦਦ ਨਾਲ ਵਧਾਈਆਂ ਜਾਂਦੀਆਂ ਹਨ। ਮਿਸਾਲ ਦੇ ਤੌਰ 'ਤੇ ਵਿਗਿਆਨੀਆਂ ਨੇ ਇਕ ਅਜਿਹੀ ਕੰਪਿਊਟਰ-ਚਿੱਪ ਬਣਾਈ ਹੈ ਜੋ ਮਨੁੱਖੀ ਦਿਮਾਗ ਅੰਦਰ ਲਗਾਈ ਜਾਵੇ ਤਾਂ ਨੇਤਰ-ਰੋਗੀ ਦੇ ਦ੍ਰਿਸ਼ਟੀ-ਦੋਸ਼ ਵਿਚ ਸੁਧਾਰ ਹੋ ਜਾਂਦਾ ਹੈ। ਇਹ

ਚਿੱਪ ਬਾਹਰਲੇ ਦ੍ਰਿਸ਼ਾਂ ਬਾਰੇ ਦਿਮਾਗ ਨੂੰ ਸੰਕੇਤ ਦਿੰਦੀ ਹੈ ਤੇ ਨੇਤਰ-ਦੋਸ਼ ਹੋਣ ਦੇ ਬਾਵਜੂਦ ਪ੍ਰਾਣੀ ਬਾਹਰਲੇ ਦ੍ਰਿਸ਼ਾਂ ਪ੍ਰਤੀ ਚੇਤੰਨ ਰਹਿੰਦਾ ਹੈ। ਇਸ ਤਕਨੀਕ ਨੂੰ 'ਬਾਇਓਨਿਕ ਆਈ' ਦਾ ਨਾਮ ਦਿੱਤਾ ਗਿਆ ਹੈ। ਇਸ ਤਰ੍ਹਾਂ ਦੀਆਂ ਅਣ-ਗਿਣਤ ਮਿਸਾਲਾਂ ਮੌਜੂਦ ਹਨ।

12. ਅੱਖਾਂ, ਦਿਲ, ਜਿਗਰ, ਗੁਰਦੇ ਆਦਿ ਬਦਲੇ ਜਾ ਰਹੇ ਹਨ। ਇਹ ਅੰਗ ਮਨੁੱਖ ਤੋਂ ਮਨੁੱਖ ਵਿਚ ਸਥਾਨਾਂਤ੍ਰਿਤ ਕੀਤੇ ਜਾ ਰਹੇ ਹਨ। ਇਸ ਤੋਂ ਉਲਟ ਗੋਡੇ, ਚੂਲੇ ਆਦਿ ਤਾਂ ਨਵੇਂ ਬਣਾ ਕੇ ਪੁਰਾਣੇ ਸਰੀਰਾਂ ਵਿਚ ਜੜੇ ਜਾ ਰਹੇ ਹਨ।

13. ਇਹ ਵਿਚਾਰ ਜ਼ੋਰ ਫੜ ਰਿਹਾ ਹੈ ਕਿ ਮਨੁੱਖ ਆਪਣੇ ਕਲੋਨ/ਪ੍ਰਤੀਰੂਪ ਵਿਕਸਿਤ ਕਰਵਾ ਕੇ ਉਨ੍ਹਾਂ ਨੂੰ ਭਵਿੱਖ ਵਿਚ ਅੰਗ-ਦਾਨੀਆਂ ਵਜੋਂ ਵਰਤ ਸਕਣ। ਕਿਸੇ ਮਨੁੱਖ ਦਾ ਸਰੀਰਕ ਅੰਗ ਖ਼ਰਾਬ ਹੋ ਜਾਣ ਦੀ ਸੂਰਤ ਵਿਚ ਉਸ ਦੇ ਪ੍ਰਤੀਰੂਪ ਵਿਚੋਂ ਉਹ ਅੰਗ ਕੱਢ ਕੇ ਲਗਾ ਦਿੱਤਾ ਜਾਵੇ। ਮਨੁੱਖ ਵੱਧ ਤੋਂ ਵੱਧ ਜਿਉਣ ਤੇ ਤਾਕਤਵਰ ਹੋਣ ਦੀ ਲਾਲਸਾ ਵਿਚ ਸਰੀਰ ਤੋਂ ਪਾਰ ਜਾਣ ਜਾਂ ਇਸ ਦੇਹ ਨੂੰ ਬਿਹਤਰ ਬਣਾਉਣ ਦੀਆਂ ਜੋ ਕੋਸ਼ਿਸ਼ਾਂ ਕਰ ਰਿਹਾ ਹੈ, ਉਹ ਉਤਰ-ਮਾਨਵਵਾਦੀ ਦੌਰ ਦੀ ਪੇਸ਼ਕਸ਼ ਹਨ।

14. Ursula K. Le Guin, The Left Hand of Darkness, Walker, New York, 1969, p.115

◈